Halton District School Board

ਸਿਤੰਬਰ, 2021

HDSB ਦੇ ਐਲੀਮੈਂਟਰੀ ਵਿਦਿਆਰਥੀਆਂ ਦੇ ਪਿਆਰੇ ਪਰਿਵਾਰ (ਕਿੰਡਰਗਾਰਟਨ - ਗ੍ਰੇਡ 8),

ਐਲੀਮੈਂਟਰੀ ਵਿਦਿਆਰਥੀਆਂ ਦੇ ਉਹ ਪਰਿਵਾਰ, ਜੋ ਸਿੱਖਿਆ ਮਾੱਡਲ (ਉਦਾਹਰਣ ਲਈ ਨਿਜੀ ਤੋਂ ਦੂਰ-ਦੁਰਾਡਿਓਂ/ਪੂਰੀ ਤਰ੍ਹਾਂ ਔਨਲਾਈਨ ਜਾਂ ਦੂਰ-ਦੁਰਾਡਿਓਂ/ਪੂਰੀ ਤਰ੍ਹਾਂ ਔਨਲਾਈਨ ਤੋਂ ਨਿਜੀ) ਬਦਲਣਾ ਚਾਹੁੰਦੇ ਹਨ, ਤਾਂ ਉਹਨਾਂ ਨੂੰ 12 ਅਕਤੂਬਰ ਨੂੰ *ਸਿੱਖਿਆ ਮਾੱਡਲ ਵਿੱਚ ਤਬਦੀਲੀ ਸਬੰਧੀ ਫ਼ਾਰਮ* ਜ਼ਰੂਰ ਭਰਨਾ ਚਾਹੀਦਾ ਹੈ। **ਇਸ ਸਮੇਂ ਇਹ ਫ਼ਾਰਮ ਵੀਰਵਾਰ, 16 ਸਿਤੰਬਰ ਰਾਤੀਂ 11:59 ਵਜੇ ਤੱਕ ਖੁੱਲ੍ਹਾ ਹੈ।** ਇਹ ਫ਼ਾਰਮ **ਸਿਰਫ਼** ਸਿੱਖਿਆ ਮਾੱਡਲ ਬਦਲਣ ਦੇ ਚਾਹਵਾਨ ਪਰਿਵਾਰਾਂ ਲਈ ਹੈ। **ਜੇ ਤੁਸੀਂ ਸਿੱਖਿਆ ਮਾੱਡਲ ਨਹੀਂ ਬਦਲਣਾ ਚਾਹੁੰਦੇ, ਤਾਂ ਕਿਰਪਾ ਕਰਕੇ ਇਹ ਫ਼ਾਰਮ ਨਾ ਭਰੋ, ਤੁਹਾਡਾ ਬੱਚਾ (ਬੱਚੇ) ਮੌਜੂਦਾ ਸਿੱਖਿਆ ਵਿੱਚ ਹੀ ਪੜ੍ਹਾਈ ਕਰਦਾ ਰਹੇਗਾ।**

ਐਲੀਮੈਂਟਰੀ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਫ਼ਾਰਮ ਭਰਨ ਤੋਂ ਪਹਿਲਾਂ ਹੇਠਾਂ ਦਿੱਤੀ ਜਾਣਕਾਰੀ ਦਾ ਜਾਇਜ਼ਾ ਲੈਣ ਲਈ ਪ੍ਰੇਰਿਆ ਜਾਂਦਾ ਹੈ। **ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੀ ਬੇਨਤੀ, ਤੁਹਾਡੇ ਅੰਤਿਮ ਫ਼ੈਸਲੇ ਦੀ ਨੁਮਾਇੰਦਗੀ ਕਰਦੀ ਹੈ। ਜੇ ਤੁਸੀਂ ਵੀਰਵਾਰ, 16 ਸਿਤੰਬਰ, ਰਾਤੀਂ 11:59 ਵਜੇ ਤੱਕ *ਸਿੱਖਿਆ ਮਾੱਡਲ ਵਿੱਚ ਤਬਦੀਲੀ ਸਬੰਧੀ ਫ਼ਾਰਮ* ਨਹੀਂ ਭਰਦੇ, ਤਾਂ ਤੁਸੀਂ ਸਿੱਖਿਆ ਮਾੱਡਲ ਨਹੀਂ ਬਦਲ ਸਕੋਗੇ।**

ਜੇ ਤੁਸੀਂ ਇਸ ਨੂੰ **ਨਿਜੀ ਤੋਂ ਦੂਰ-ਦੁਰਾਡਿਓਂ (ਪੂਰੀ ਤਰ੍ਹਾਂ ਔਨਲਾਈਨ) ਸਿੱਖਿਆ** ਵਿੱਚ ਬਦਲਣਾ ਚਾਹੁੰਦੇ ਹੋ, ਤਾਂ ਤੁਹਾਨੂੰ ਬੇਨਤੀ ਸਬੰਧੀ ਫ਼ਾਰਮ 'ਤੇ ਹੇਠਾਂ ਦਿੱਤੇ **ਸਾਰੇ** ਕਥਨਾਂ ਨੂੰ ਪ੍ਰਵਾਣ ਕਰਨਾ ਪਏਗਾ:

- ❑ ਮੇਰੇ ਬੱਚੇ ਨੂੰ ਇੱਕ ਅਜਿਹੀ ਕਲਾਸ ਵਿੱਚ ਰਖਿਆ ਜਾ ਸਕਦਾ ਹੈ, ਜੋ ਉਸਦੇ ਘਰ ਦੇ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨਾਲ ਨਹੀਂ ਹੈ।
- ❑ ਮੇਰੇ ਬੱਚੇ ਨੂੰ ਦੂਰ-ਦੁਰਾਡਿਓਂ ਸਿੱਖਿਆ ਦੀ ਕਲਾਸ (ਅਤੇ ਨਿਜੀ ਸਿੱਖਿਆ ਲਈ ਆਪਣੇ ਘਰ ਦੇ ਸਕੂਲ ਵਿੱਚ ਵਾਪਿਸ ਆ ਜਾਏਗਾ) ਸਮੇਤ ਦੂਜੇ ਸਕੂਲ ਵਿੱਚ ਭੇਜਿਆ ਜਾ ਸਕਦਾ ਹੈ।
- ❑ ਮੇਰੇ ਬੱਚੇ ਦਾ ਅਧਿਆਪਕ ਬਦਲਿਆ ਜਾਏਗਾ।
- ❑ ਹਿਦਾਇਤ ਦਾ ਸਿੱਖਿਆ ਦੇ ਨਾਲ ਤਾਲਮੇਲ (ਜਿਵੇਂ, ਸਿੱਖਿਆ ਦੀਆਂ ਕਿਸਮਾਂ, ਜਿਸ ਵਿੱਚ ਮੇਰਾ ਬੱਚਾ ਰੁੱਝਿਆ ਹੋਇਆ ਹੈ) ਨਹੀਂ ਕੀਤਾ ਜਾ ਸਕਦਾ।
- ❑ ਮੇਰੇ ਬੱਚੇ ਨੂੰ ਸਕੂਲ ਵਾਲੇ ਦਿਨ (ਕਿੰਡਰਗਾਰਟਨ ਲਈ 180 ਮਿੰਟ; ਗ੍ਰੇਡ 1 – 8 ਲਈ 225 ਮਿੰਟ) ਦੌਰਾਨ ਅਸਲ-ਸਮੇਂ (ਨਾਲੋਂ ਨਾਲ) ਵਿੱਚ ਤਕਨਾਲੋਜੀ ਦੀ ਵਰਤੋਂ ਕਰਕੇ ਔਨਲਾਈਨ ਹਿੱਸਾ ਲੈਣਾ ਹੀ ਪਏਗਾ।
- ❑ ਮੇਰੇ ਬੱਚੇ ਨੂੰ ਮੌਜੂਦਾ ਆਵਾਜਾਈ ਦੇ ਰੂਟ ਤੋਂ ਹਟਾ ਦਿੱਤਾ ਜਾਏਗਾ (ਜੇ ਲਾਗੂ ਹੈ)।

ਜੇ ਤੁਸੀਂ **ਦੂਰ-ਦੁਰਾਡਿਓਂ (ਪੂਰੀ ਤਰ੍ਹਾਂ ਔਨਲਾਈਨ) ਤੋਂ ਨਿਜੀ ਸਿੱਖਿਆ** ਵਿੱਚ ਬਦਲਣਾ ਚਾਹੁੰਦੇ ਹੋ, ਤਾਂ ਤੁਹਾਨੂੰ ਬੇਨਤੀ ਫ਼ਾਰਮ 'ਤੇ ਹੇਠਾਂ ਦਿੱਤੇ ਕਥਨ ਪ੍ਰਵਾਣ ਕਰਨੇ ਪੈਣਗੇ:

- ❑ ਮੈਂ ਸਮਝਦਾ/ਸਮਝਦੀ ਹਾਂ ਕਿ ਰੋਜ਼ ਸਕੂਲ ਪਹੁੰਚਣ ਤੋਂ ਪਹਿਲਾਂ ਓਂਟੈਰੀਓ ਸਰਕਾਰ ਦੇ COVID-19 School Screening Tool (ਕੋਵਿਡ-19 ਸਕੂਲ ਸਕ੍ਰੀਨਿੰਗ ਟੂਲ) ਦੀ ਵਰਤੋਂ ਕਰਦਿਆਂ ਹੋਇਆਂ, ਆਪਣੇ ਬੱਚੇ ਲਈ ਰੋਜ਼ ਸਵੈ-ਜਾਂਚ ਪੂਰੀ ਕਰਨ ਦੀ ਲੋੜ ਹੈ।
- ❑ ਮੇਰੇ ਬੱਚੇ ਦਾ ਅਧਿਆਪਕ ਵੀ ਬਦਲ ਜਾਏਗਾ।

### ਹੁਣ ਐਲੀਮੈਂਟਰੀ ਵਿਦਿਆਰਥੀਆਂ ਲਈ *ਸਿੱਖਿਆ ਮਾੱਡਲ ਵਿੱਚ ਤਬਦੀਲੀ ਸਬੰਧੀ ਫ਼ਾਰਮ* ਭਰੋ:

**https://bit.ly/ElemLearningModel**

ਸਿੱਖਿਆ ਮਾੱਡਲ ਬਦਲਣ ਵਾਲੇ ਵਿਦਿਆਰਥੀ ਮੰਗਲਵਾਰ, 12 ਅਕਤੂਬਰ ਨੂੰ ਆਪਣੇ ਚੁਣੇ ਹੋਏ ਮਾੱਡਲ ਵਿੱਚ ਤਬਦੀਲੀ ਕਰਨਗੇ। ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਉਸ ਤਾਰੀਖ਼ ਤੱਕ ਆਪਣੇ ਮੌਜੂਦਾ ਸਿੱਖਿਆ ਮਾੱਡਲ ਵਿੱਚ ਪੜ੍ਹਾਈ ਕਰਦੇ ਰਹਿਣ।

ਵਿਦਿਅਕ ਫ਼ੈਸਲਿਆਂ ਸਬੰਧੀ ਨਿਗਰਾਨੀ-ਸਮਝੌਤਿਆਂ ਅਤੇ ਸਾਂਝਾ-ਫ਼ੈਸਲਾ ਲੈਣ ਵਾਲੇ ਪਰਿਵਾਰਾਂ ਲਈ, ਇਹ ਫ਼ੈਸਲਾ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਹੀ ਲਿਆ ਜਾਣਾ ਚਾਹੀਦਾ ਹੈ। ਪੁਸ਼ਟੀ ਕਰਨ ਲਈ ਕਿਰਪਾ ਕਰਕੇ ਆਪਣੇ ਬੱਚੇ (ਬੱਚਿਆਂ) ਦੇ ਸਕੂਲ ਨਾਲ ਸੰਪਰਕ ਕਰੋ।

**ਵਾਧੂ ਜਾਣਕਾਰੀ**

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ। ਦੋ ਸਿੱਖਿਆ ਮਾੱਡਲਾਂ ਬਾਰੇ ਹੋਰ ਵੱਧ ਪਤਾ ਲਾਉਣ ਲਈ ਸਾਡੀ September 2021 website (ਸਿਤੰਬਰ 2021 ਵੈਬਸਾਈਟ) 'ਤੇ ਕਿਰਪਾ ਕਰਕੇ ਅਕਸਰ ਪੁੱਛੇ ਜਾਣ ਵਾਲੇ ਸੁਆਲ (FAQs) ਵੇਖੋ।

ਅਸੀਂ ਤੁਹਾਨੂੰ HDSB ਵੈਬਸਾਈਟ, ਸਕੂਲਮੈਸੇਂਜਰ ਈਮੇਲ ਅਤੇ ਸੋਸ਼ਲ ਮੀਡੀਆ (Twitter,Facebook,Instagram) ਰਾਹੀਂ ਜਾਣਕਾਰੀ ਦਿੰਦੇ ਰਹਾਂਗੇ।